# ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ**

**ਫੋਨ ਨੰਬਰ:0172-2212221, ਫੈਕਸ ਨੰ:0172-2212793**


ਵੱ

(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.), ਪੰਜਾਬ।
(2) ਸਮੂਹ ਮੁੱਖੀ, ਜ਼ਿਲ੍ਹਾ ਸਿੱਖਿਆ ਸੁਧਾਰ ਟੀਮ, ਪੰਜਾਬ।
(3) ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ : ਸਸਅ/ਐਮਸੀ/2019/ 216334
ਮਿਤੀ : 29-7-2019

**ਵਿਸ਼ਾ :-** **ਧਰਤੀ ਹੇਠਲੇ ਪਾਣੀ ਨੂੰ (Water Conservation) ਬਚਾਉਣ ਲਈ ਵਿਦਿਆਰਥੀਆਂ ਨੂੰ ਜਨ ਚੇਤਨਾ ਦੇਣ ਲਈ ਪੰਦਰਵਾੜਾ ਮਨਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਧਰਤੀ ਹੇਠਲੇ ਪਾਣੀ ਦਾ ਅੰਨੇਵਾਹ ਟਿਊਵਲਾਂ ਰਾਹੀਂ ਨਿਕਾਸੀ ਹੋਣ ਕਾਰਨ ਧਰਤੀ ਦੇ ਪਾਣੀ ਦੀ ਸਤ੍ਹਾ ਬਹੁਤ ਡੂੰਘੀ ਜਾ ਚੁੱਕੀ ਹੈ।ਵੱਖ- ਵੱਖ ਸਰਵੇ ਅਧੀਨ ਇਹ ਪਤਾ ਲਗਾ ਹੈ ਕਿ ਜੇਕਰ ਇਸ ਦੇ ਯੋਗ ਉਪਾਅ ਨਾ ਲੱਭੇ ਤਾਂ ਆਉਣ ਵਾਲੇ ਸਮੇਂ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਕਿੱਲਤ ਆ ਜਾਵੇਗੀ।ਪੰਜਾਬ ਰਾਜ ਵਿੱਚ ਇਹ ਸਮੱਸਿਆ ਹੋਰ ਵੀ ਗੰਭੀਰ ਬਣ ਚੁੱਕੀ ਹੈ ਜਦੋਂ ਕਿ ਪੰਜਾਬ ਦੇ ਕਈ ਬਲਾਕ ਸੁੱਕੇ ਘੋਸ਼ਿਤ ਕੀਤੇ ਜਾ ਚੁੱਕੇ ਹਨ। ਇਸਲਈ ਪਾਣੀ ਨੂੰ ਬਚਾਉਣ ਲਈ ਵੱਡੇ ਪੱਧਰ ਤੇ ਜਨ ਚੇਤਨਾ ਦੇਣੀ ਬਹੁਤ ਜਰੂਰੀ ਹੈ।ਸਕੂਲੀ ਬੱਚਿਆਂ ਨੂੰ ਭਵਿੱਖ ਵਿੱਚ ਵੱਡੇ ਹੋਣ ਤੇ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਸਕੂਲੀ ਵਿਦਿਆਰਥੀਆਂ ਨੂੰ ਧਰਤੀ ਹੇਠਲਾ ਪਾਣੀ ਨੂੰ ਬਚਾਉਣ ਲਈ ਜਾਗਰੂਕ ਕਰਨਾ ਸਮੇਂ ਦੀ ਲੋੜ ਹੈ।

2.0 ਵਿਦਿਆਰਥੀਆਂ ਵਿੱਚ Water Conservation ਸਬੰਧੀ ਜਨ ਚੇਤਨਾ ਦੇਣ ਲਈ ਰਾਜ ਦੇ ਸਮੂਹ ਮਿਡਲ, ਸੈਕੰਡਰੀ ਅਤੇ ਹਾਈ ਸੈਕੰਡਰੀ ਸਕੂਲਾਂ ਵਿੱਚ ਪਾਣੀ ਬਚਾਓ (Water Conservation ) 'ਤੇ ਮਿਤੀ 01 **ਅਗਸਤ 2019 ਤੋਂ ਮਿਤੀ 15 ਅਗਸਤ 2019** ਤੱਕ ਪੰਦਰਵਾੜਾ ਮਨਾਇਆ ਜਾਵੇ। ਜਿਸ ਵਿੱਚ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਹਰ ਰੋਜ਼ ਵੱਖਰੀ ਵੱਖਰੀ ਗਤੀਵਿਧੀਆਂ ਕਰਵਾਈਆਂ ਜਾਣ !

1) **ਪਹਿਲਾ ਦਿਨ (ਮਿਤੀ 01.08.2019) :- ਪਾਣੀ ਬਚਾਓ ਵਿਸ਼ੇ 'ਤੇ ਲੇਖ ਲਿਖਣ ਮੁਕਾਬਲੇ:**
   ਵੱਖ -ਵੱਖ ਵਰਗਾਂ ਦੇ ਵਿਦਿਆਰਥੀਆਂ ਵਿੱਚ Water Conservation 'ਤੇ ਲੇਖ ਲਿਖਣ ਮੁਕਾਬਲੇ ਕਰਵਾਏ ਜਾਣ। ਇਹ ਮੁਕਾਬਲੇ ਪ੍ਰਾਇਮਰੀ, ਮਿਡਲ, ਸੈਕੰਡਰੀ ਪੱਧਰ ਦੇ ਵਿਦਿਆਰਥੀਆਂ ਵਿੱਚ ਹੋਣਗੇ। ਹਰ ਵਰਗ ਦੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਦੂਸਰੇ ਦਿਨ ਸਵੇਰ ਦੀ ਸਭਾ ਵਿੱਚ ਸਨਮਾਨਿਤ ਕੀਤਾ ਜਾਵੇਗਾ।
2) **ਦੂਸਰਾ ਦਿਨ (ਮਿਤੀ 02.08.2019):- ਪਾਣੀ ਬਚਾਓ ਵਿਸ਼ੇ ਤੇ ਪੇਂਟਿੰਗ ਮੁਕਾਬਲੇ:**
   ਵੱਖ -ਵੱਖ ਵਰਗਾਂ ਦੇ ਵਿਦਿਆਰਥੀਆਂ ਵਿੱਚ ਪੇਂਟਿੰਗ ਮੁਕਾਬਲੇ ਕਰਵਾਏ ਜਾਣਗੇ। ਇਹ ਮੁਕਾਬਲੇ ਪ੍ਰਾਇਮਰੀ, ਮਿਡਲ, ਸੈਕੰਡਰੀ ਪੱਧਰ ਦੇ ਵਿਦਿਆਰਥੀਆਂ ਵਿੱਚ ਹੋਣਗੇ।
   ਪੇਂਟਿੰਗ ਲਈ ਵਿਦਿਆਰਥੀ ਕੇਵਲ A3 ਸਾਈਜ ਡਰਾਇੰਗ ਪੇਪਰ ਦਾ ਇਸਤੇਮਾਲ ਕਰ ਸਕਦੇ ਹਨ। ਪੇਂਟਿੰਗ ਦੇ ਲਈ ਪੈਨਸਿਲ, ਪੇਨਸਿਲ ਰੰਗ, Crayon, ਵਾਟਰ ਕਲਰ ਆਦਿ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਕੋਲਾਜ਼/ਪੈਚ ਵਰਕ (Collage/Patchwork) ਦੇ ਇਸਤੇਮਾਲ ਦੀ ਮਨਾਹੀ ਹੈ।ਹਰ ਵਰਗ ਦੇ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਦੂਸਰੇ ਦਿਨ ਸਵੇਰ ਦੀ ਸਭਾ ਵਿੱਚ ਸਨਮਾਨਤ ਕੀਤਾ ਜਾਵੇਗਾ।
3) **ਤੀਸਰਾ ਦਿਨ (ਮਿਤੀ 03.08.2019) :- ਸਕੂਲਾਂ ਵਿੱਚ ਪੌਦੇ ਲਗਾਉਣਾ (Tree Plantation) :**
   ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਦੱਸਦੇ ਹੋਏ ਸਕੂਲ ਵਿੱਚ ਵਿਦਿਆਰਥੀਆਂ ਦੁਆਰਾ ਅਲੱਗ-ਅਲੱਗ ਕਿਸਮ ਦੇ ਬੂਟੇ ਲਗਵਾਏ ਜਾ ਸਕਦੇ ਹਨ।

4) ਚੌਥਾ ਦਿਨ (ਮਿਤੀ 05.08.2019) :- ਕੁਇਜ ਮੁਕਾਬਲਾ :

- ਸਕੂਲਾਂ ਵਿੱਚ ਵੱਖ-ਵੱਖ ਹਾਊਸਾਂ (ਸਦਨਾਂ) ਦੇ ਵਿਦਿਆਰਥੀਆਂ ਦੇ Water Conservation 'ਤੇ ਕੁਇਜ਼ ਮੁਕਾਬਲੇ ਕਰਵਾਏ ਜਾਣਗੇ! ਇਹ ਮੁਕਾਬਲੇ ਅਖੀਰਲੇ ਪੀਰੀਅਡ ਕਰਵਾਏ ਜਾਣਗੇ। ਪ੍ਰਸ਼ਨ Water conservation, Environment, General Knowledge, General Studies ਤੇ ਆਧਾਰਿਤ ਹੋਣਗੇ।

5) ਪੰਜਵਾ ਦਿਨ (ਮਿਤੀ 06.08.2019) :- **One act Play/ skit:**
ਸਵੇਰ ਦੀ ਸਭਾ ਦੇ ਦੌਰਾਨ Water Conservation 'ਤੇ One act play / skit ਕਰਵਾਏ ਜਾਣ।

6) ਛੇਵਾਂ ਦਿਨ (ਮਿਤੀ 07.08.2019) :- **Slogan writing on water conservation :**
ਪਾਣੀ ਬਚਾਓ ਵਿਸ਼ੇ ਉੱਤੇ ਅਖੀਰਲੇ ਪੀਰੀਅਡ ਵਿੱਚ ਵੱਖ-ਵੱਖ ਪੱਧਰਾਂ (ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ) ਤੇ Slogan Writing competition (ਨਾਅਰੇ ਲਿਖਣ ਮੁਕਾਬਲਾ) ਕਰਵਾਇਆ ਜਾਵੇਗਾ।

7) ਸਤਵਾਂ ਦਿਨ (ਮਿਤੀ 08.08.2019) :- **Competition on activity survey of the School, where water is wasting & Group discussion how to save water:**
ਵਿਦਿਆਰਥੀਆਂ ਨੂੰ ਅਖੀਰਲੇ ਪੀਰੀਅਡ ਵਿੱਚ ਇਹੋ ਜਿਹੀਆਂ ਸਕੂਲ ਵਿੱਚ ਥਾਵਾਂ ਲੱਭਣ ਲਈ ਸਰਵੇ ਕਰਵਾਇਆ ਜਾਵੇ ਜਿਵੇਂ ਕਿ ਸਕੂਲ ਵਿੱਚ ਕਿੱਥੇ-ਕਿੱਥੇ ਪਾਣੀ ਜਾਇਆ (waste) ਹੁੰਦਾ ਹੈ। ਵਿਦਿਆਰਥੀਆਂ ਨੂੰ 5-5 ਗਰੁੱਪਾਂ ਵਿੱਚ ਵੰਡ ਕੇ Group discussion ਕੀਤੀ ਜਾਵੇ ਕਿ ਉਹਨਾਂ ਦੇ ਘਰਾਂ ਵਿੱਚ ਪਾਣੀ ਕਿਵੇਂ waste (ਜਿਵੇਂ ਕਿ ਫਰਸ਼ ਧੋਣ, ਕਾਰ ਧੋਣ, ਰਸੋਈ, ਵਿੱਚ ਆਦਿ) ਕੀਤਾ ਜਾਂਦਾ ਹੈ ਅਤੇ ਇਸ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ। ਇਸ ਸਬੰਧੀ ਵੱਖ-ਵੱਖ ਪੱਧਰਾਂ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇ ਜੋ ਸਭ ਤੋਂ ਵੱਧ ਥਾਵਾਂ ਦਾ ਜਿਕਰ ਕਰੇਗਾ

8) ਅੱਠਵਾ ਦਿਨ (ਮਿਤੀ 09.08.2019):- **Chart Competition**
ਅਖੀਰਲੇ ਪੀਰੀਅਡ ਵਿੱਚ ਹਰ ਕਲਾਸ ਵਿੱਚ ਪਾਣੀ ਬਚਾਓ 'ਤੇ ਚਾਰਟ ਕੰਪੀਟੀਸ਼ਨ ਕਰਵਾਇਆ ਜਾਵੇ। ਵਿਦਿਆਰਥੀਆਂ ਵੱਲੋਂ ਬਣਾਏ ਹੋਏ ਵਧੀਆ ਚਾਰਟ ਬਾਅਦ ਵਿੱਚ ਕਲਾਸ ਵਿੱਚ ਲਗਾਏ ਜਾਣ।

9) ਨੌਵਾਂ ਦਿਨ (ਮਿਤੀ 13.08.2019) :- **Objective Question Test of students on every drop counts.**
ਵਿਦਿਆਰਥੀਆਂ ਦਾ ਇੱਕ objective type test ਕਲਾਸ ਵਿੱਚ ਹੀ ਲਿਆ ਜਾਵੇਗਾ। ਪ੍ਰਸ਼ਨ ਪੱਤਰ ਦੀ ਸਾਫਟ ਕਾਪੀ ਮੁੱਖ ਦਫ਼ਤਰ ਵੱਲੋਂ ਭੇਜੀ ਜਾਵੇਗੀ।ਇਹ ਟੈਸਟ ਪ੍ਰਾਇਮਰੀ ਪੱਧਰ, ਮਿਡਲ ਪੱਧਰ ਅਤੇ ਸੈਕੰਡਰੀ ਪੱਧਰ ਤੇ ਵੱਖ-ਵੱਖ ਹੋਵੇਗਾ।

10) ਦਸਵਾਂ ਦਿਨ (ਮਿਤੀ 14.08.2019):- **ਮੈਰਾਥਨ ਦੌੜ**
ਸਵੇਰ ਦੇ ਸਮੇਂ ਪ੍ਰਾਥਨਾ ਤੋਂ ਪਹਿਲਾਂ ਵਿਦਿਆਰਥੀਆਂ ਦੀ ਉਮਰ ਵਰਗ ਦੇ ਅਨੁਸਾਰ ਮੈਰਾਥਨ ਦੌੜ ਕਰਵਾਈ ਜਾਵੇ।

3.0 * **Water Conservation** 'ਤੇ ਉੱਕਤ ਗਤੀਵਿਧੀਆਂ ਕਰਵਾ ਕੇ ਸਕੂਲ ਮੁੱਖੀ ਇਸ ਦੀ ਰਿਪੋਰਟ (ਫੋਟੋਗ੍ਰਾਫਸ ਆਦਿ) ਜ਼ਿਲ੍ਹਾ ਸਿੱਖਿਆ ਸੁਧਾਰ ਟੀਮ ਮੁੱਖੀ ਨੂੰ ਵਟਸਐੱਪ ਰਾਹੀਂ ਭੇਜਣਗੇ ਅਤੇ ਜ਼ਿਲ੍ਹਾ ਸਿੱਖਿਆ ਸੁਧਾਰ ਟੀਮ ਮੁੱਖੀ ਵੱਲੋਂ ਆਪਣੇ ਜ਼ਿਲ੍ਹੇ ਦੀ ਰਿਪੋਰਟ ਕੰਪਾਈਲ ਕਰਕੇ ਮੁੱਖ ਦਫ਼ਤਰ ਨੂੰ ਮਿਤੀ 20 ਅਗਸਤ 2019 ਤੱਕ ਈ-ਮੇਲ id ssascience41@gmail.com ਤੇ ਹਰ ਹਾਲਤ ਵਿੱਚ ਭੇਜਣਾ ਯਕੀਨੀ ਬਣਾਉਣਗੇ।

ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ**
**ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ**
**ਪੰਜਾਬ**

# ਜਲ ਸੁਰੱਖਿਅਣ ਤੇ ਕਰਵਾਏ ਗਏ ਪੰਦਰਵਾੜਾ ਦੀ ਰਿਪੋਰਟ

| Sr. No | District | Total No. of School Participated in District | Total No. of Students participated | No. of Schools Participated | | | | | | | | | |
|---|---|---|---|---|---|---|---|---|---|---|---|---|---|
| | | | | Day-1 | Day-2 | Day-3 | Day-4 | Day-5 | Day-6 | Day-7 | Day-8 | Day-9 | Day-10 |
| | | | | | | | | | | | | | |